# ਸਮੇਂ ਨਾਲ ਸੰਵਾਦ ਦਾ ਸ਼ਾਇਰ-ਪਾਸ਼

-ਅਜਮੇਰ ਸਿੱਧੂ

ਰਾਜਿੰਦਰ ਰਾਹੀ ਦੀਆਂ ਲਿਖਤਾਂ ਹੁਣ ਰਾਜਿੰਦਰ ਸਿੰਘ ਰਾਹੀ ਦੇ ਨਾਂ ਹੇਠ ਛਪਣੀਆਂ ਸ਼ੁਰੂ ਹੋ ਗਈਆਂ ਹਨ। ਇਹ ਮਹਿਜ਼ ਨਾਮ ਤਬਦੀਲੀ ਨਹੀਂ ਹੈ, ਨਾ ਇਸ ਪਿੱਛੇ ਕੋਈ ਸਿੱਖੀ ਸਰੋਕਾਰ ਹੈ। ਇਸ ਤਬਦੀਲੀ ਪਿੱਛੇ ਉਹ ਸਿਆਸਤ ਹੈ ਜਿਸ ਨੇ ਪੂਰਾ ਡੇਢ ਦਹਾਕਾ ਪੰਜਾਬ ਦੇ ਲੋਕਾਂ ਨੂੰ ਘਰਾਂ ਅੰਦਰ ਕੈਦੀ ਬਣ ਕੇ ਬੈਠਣ ਜੋਗੇ ਕਰ ਦਿੱਤਾ ਸੀ। ਇਸ ਦੇ ਨਾਲ ਹੀ ਰਾਜਿੰਦਰ ਸਿੰਘ ਰਾਹੀ ਦਾ ਆਪਣੀ ਜ਼ਿੰਦਗੀ ਲਈ ਕੀਤਾ ਜਾ ਰਿਹਾ ਜੁਗਾੜ ਵੀ ਮੁੱਖ ਰੂਪ ਵਿਚ ਸ਼ਾਮਲ ਹੈ। ਜੁਗਾੜ ਲਈ ਛਟਪਟਾਹਟ ਉਸ ਦੀਆਂ ਲਿਖਤਾਂ ਦਾ ਮੁੱਖ ਸਰੋਕਾਰ ਬਣੀ ਸਾਫ਼ ਦਿਖਾਈ ਦੇ ਰਹੀ ਹੈ। ਉਸ ਦੀ ਪਾਸ਼ ਬਾਰੇ ਲਿਖੀ ਕਿਤਾਬ ਇਸ ਗੱਲ ਦਾ ਵੱਡਾ ਸਬੂਤ ਹੈ। ਉਹ ਜਿਸ ਢੰਗ-ਤਰੀਕੇ ਨਾਲ ਪਾਸ਼ ਬਾਰੇ ਕਿਤਾਬ ਲਿਖਣ ਦੇ ਬਹਾਨੇ ਪਾਸ਼ ਦੇ ਮਿੱਤਰਾਂ/ਜਾਣੂਆਂ ਨੂੰ ਮਿਲਿਆ ਅਤੇ ਮਗਰੋਂ ਜਿਸ ਰੰਗ-ਢੰਗ ਦੀ ਕਿਤਾਬ ਛਪਵਾਈ, ਉਸ ਵਿਚੋਂ ਈਮਾਨਦਾਰੀ ਉੱਕਾ ਹੀ ਨਦਾਰਦ ਹੈ। ਇਸੇ ਛਟਪਟਾਹਟ ਵਿਚੋਂ ਹੀ ਉਹ ਪਾਸ਼ ਦੇ ਸਮਕਾਲੀ ਇਨਕਲਾਬੀ ਸ਼ਾਇਰ ਸੰਤ ਰਾਮ ਉਦਾਸੀ ਨੂੰ ਵਿੰਗੇ-ਟੇਢੇ ਢੰਗ ਨਾਲ ਉਸ ਦੇ ਖ਼ਿਲਾਫ਼ ਭੁਗਤਾਉਣ ਦਾ ਯਤਨ ਕਰਦਾ ਹੈ। ਗੱਲ ਇਹ ਨਹੀਂ ਕਿ ਪਾਸ਼ ਵਿਚ ਕੋਈ ਔਗਣ ਨਹੀਂ ਸੀ ਜਾਂ ਉਹ ਸੋਲਾਂ ਕਲਾ ਸੰਪੂਰਨ ਸੀ। ਮਸਲਾ ਤਾਂ ਇਹ ਹੈ ਕਿ ਪਾਸ਼ ਵਰਗੇ ਜ਼ਹੀਨ ਬੰਦੇ ਜਿਸ ਨੇ ਆਪਣੇ ਸਮਿਆਂ ਦੌਰਾਨ ਤਿੱਖੇ ਰੂਪ ਵਿਚ ਦਖਲ ਦਿੱਤਾ ਹੋਵੇ, ਬਾਰੇ ਗੱਲ ਕਰਨ ਵੇਲੇ ਤੁਸੀਂ ਕਿੰਨੇ ਈਮਾਨਦਾਰ ਹੋ! ਰਾਹੀ ਵਾਲੀਆਂ ਲਿਖਤਾਂ ਵਿਚੋਂ ਇਹ ਈਮਾਨਦਾਰੀ ਗਾਇਬ ਹੈ। ਉਸ ਦੀ ਇਸ ਛਟਪਟਾਹਟ ਵਿਚੋਂ ਨਿਕਲੀਆਂ ਲਿਖਤਾਂ ਦਾ ਭਰਵਾਂ ਜਵਾਬ ਤਾਂ ਦਿੱਤਾ ਹੀ ਜਾ ਚੁੱਕਾ ਹੈ, ਇਸ ਦੇ ਨਾਲ ਹੀ ਪਾਸ਼ ਵਰਗੇ ਜਾਨਦਾਰ ਸ਼ਾਇਰ ਨੂੰ ਹੋਰ ਕੋਣ ਤੋਂ ਸਮਝਣ-ਬੁੱਝਣ ਦਾ ਮੌਕਾ ਵੀ ਹੁਣ ਬਣ ਗਿਆ ਹੈ, ਪਹਿਲਾਂ ਵੀ ਲਗਾਤਾਰ ਬਣਦਾ ਰਿਹਾ ਹੈ। ਅਸਲ ਵਿਚ ਪਾਸ਼ ਦੀ ਕਵਿਤਾ ਹੈ ਹੀ ਏਨੀ ਬਹੁਪਰਤੀ ਕਿ ਇਸ ਬਾਰੇ ਚਰਚਾ ਦੇਰ ਤੱਕ ਚੱਲਣੀ ਹੈ। ਪਾਸ਼ ਦੀ ਰਚਨਾ ਦੀ ਤਾਕਤ ਹੀ ਇਹ ਹੈ। ਇਹੀ ਤਾਕਤ ਉਸ ਨੂੰ ਵਿਲੱਖਣ ਸ਼ਾਇਰ ਬਣਾਉਂਦੀ ਹੈ।

ਪਾਸ਼ ਦੀ ਸ਼ਹਾਦਤ ਤੋਂ ਦੋ ਦਹਾਕੇ ਬਾਅਦ ਹੁਣ ਜਦੋਂ ਅਸੀਂ ਉਹਦੀ ਸ਼ਾਇਰੀ 'ਤੇ ਨਿਗ੍ਹਾ ਮਾਰਦੇ ਹਾਂ ਤਾਂ ਉਸ ਦੀ ਸ਼ਾਇਰੀ ਦਾ ਜਿਹੜਾ ਸਭ ਤੋਂ ਅਹਿਮ ਨੁਕਤਾ ਉੱਭਰਦਾ ਹੈ, ਉਹ ਉਸ ਦਾ ਆਪਣੇ ਸਮੇਂ ਅਤੇ ਇਸ ਸਮੇਂ ਦੌਰਾਨ ਉਠ ਰਹੇ ਸਵਾਲਾਂ ਨਾਲ ਆਢਾ ਲਾਉਣਾ ਹੈ। ਉਸ ਦੀ ਸਾਰੀ ਕਵਿਤਾ ਦਾ ਰੰਗ ਹੀ ਭਾਵੇਂ ਸੰਬੋਧਨੀ ਅਤੇ ਸੰਵਾਦੀ ਸੁਰ ਵਾਲਾ ਹੈ ਪਰ ਆਪਣੀਆਂ ਰਚਨਾਵਾਂ ਵਿਚ ਜਿਸ ਤਰ੍ਹਾਂ ਉਹ ਸਵਾਲਾਂ ਦੀ ਝੜੀ ਲਾਉਂਦਾ ਹੈ ਅਤੇ ਹਰ ਨੁਕਤੇ ਨੂੰ ਵੱਖ ਵੱਖ ਕੋਣਾਂ ਤੋਂ ਦੇਖਦਾ ਹੈ, ਉਸ ਨਾਲ ਉਹ ਆਪਣੇ ਸਾਰੇ ਸਮਕਾਲੀ ਕਵੀਆਂ ਨਾਲੋਂ ਵੱਖਰਾ ਖੜ੍ਹਾ ਨਜ਼ਰ ਆਉਂਦਾ ਹੈ। ਮੁੱਢ ਤੋਂ ਹੀ ਉਸ ਦੀ ਕਵਿਤਾ ਅਤੇ ਉਸ ਦੇ ਜੀਵਨ ਤੇ ਜੀਣ ਬਿਰਤਾਂਤਾਂ ਬਾਰੇ ਵਿਰਾਟ ਪੱਧਰ ਉੱਤੇ ਚਰਚਾ ਹੋਣ ਦੇ ਭਾਵੇਂ ਹੋਰ ਕਾਰਨ ਵੀ ਰਹੇ ਹੋਣਗੇ ਪਰ ਇਸ ਨੁਕਤੇ ਬਾਰੇ ਤਕਰੀਬਨ ਸਾਰੇ ਇਕਮੱਤ ਹਨ ਕਿ ਉਸਦੀ ਸ਼ਖ਼ਸੀਅਤ ਅਤੇ ਕਾਵਿ-ਰਚਨਾ ਦਾ ਵੇਗ ਉਸ ਨੂੰ ਬਾਕੀਆਂ ਨਾਲੋਂ ਵਿਲੱਖਣ ਬਣਾਉਂਦਾ ਹੈ।

ਜਿਵੇਂ ਪਹਿਲਾਂ ਗੱਲ ਹੋਈ ਹੈ, ਉਹ ਆਪਣੀ ਹਰ ਕਵਿਤਾ ਵਿਚ ਸੰਵਾਦ ਰਚਾਉਂਦਾ ਹੈ। ਪਾਸ਼ ਦੀ ਤੀਜੀ ਅਤੇ ਮਹੱਤਵਪੂਰਨ ਕਿਤਾਬ 'ਸਾਡੇ ਸਮਿਆਂ ਵਿਚ' ਬਾਰੇ ਬਹਿਸ ਛੇੜਦਿਆਂ ਡਾ. ਅਤਰ ਸਿੰਘ ਨੇ ਬੜੀ ਪਤੇ ਦੀ ਗੱਲ ਕੀਤੀ ਸੀ ਕਿ ਪਾਸ਼ ਆਪਣੇ ਚੁਣੇ ਹੋਏ ਜੁੱਟ ਤੋਂ ਰਤਾ ਪਾਸੇ ਖੜ੍ਹ ਕੇ ਉਸ ਨਾਲ ਸੰਵਾਦ ਰਚਾ ਰਿਹਾ ਹੈ। ਇਹ ਸੰਵਾਦ ਅਸਲ ਵਿਚ ਉਹਦੀ ਕਾਵਿ ਸਤਰ ***'ਮੇਰੇ ਫ਼ਿਕਰ ਦੀ ਬਾਂਹ ਫੜੀ ਰੱਖਣੀ'*** ਦਾ ਹੀ ਵਿਸਥਾਰ ਹੈ। ਇਹਦੇ ਵਿਚ ਤਨਜ਼ ਤੇ ਰੰਜ਼ ਹੈ ਪਰ ਵੈਰ ਭਾਵ ਨਹੀਂ। ਇਹਦੇ ਵਿਚੋਂ ਉਦਾਸੀ ਅਤੇ ਨਿਰਾਸ਼ਾ ਝਾਤੀਆਂ ਮਾਰਦੀ ਹੈ ਪਰ ਲਹਿਰ ਨੂੰ ਵਧਦੀ ਦੇਖਣ ਦੀ ਹਸਰਤ ਦੂਣ ਸਵਾਈ ਹੈ। ਪਾਸ਼ ਜਦੋਂ ਇਹ ਸੰਵਾਦ ਰਚਾ ਰਿਹਾ ਸੀ, ਉਦੋਂ ਨਕਸਲੀ ਲਹਿਰ ਸਰਕਾਰੀ ਕਹਿਰ ਝੱਲਣ ਤੋਂ ਬਾਅਦ ਇਕ ਵਾਰ ਫਿਰ ਤੀਲਾ ਤੀਲਾ ਜੋੜਨ ਦੇ ਯਤਨਾਂ ਵਿਚ ਸੀ। ਇਸ ਸੰਵਾਦ ਦਾ ਸਿਖ਼ਰ ਛੇ ਕਵਿਤਾਵਾਂ ਦਾ ਪੂਰ 'ਕਾਮਰੇਡ ਨਾਲ ਗੱਲਬਾਤ' ਹੈ। ਇਸ ਸੰਵਾਦ ਦਾ ਰੰਗ, ਢੰਗ ਤੇ ਡੰਗ ਦੇਖਣ ਲਾਇਕ ਹੈ:

- ਕਾਮਰੇਡ, ਇਹ ਬੁਰਜਆਜ਼ੀ-ਜਾਣਦੈ?  
  ਸ਼ਰਾਬ ਵਾਂਗ ਪੁਰਾਣੀ ਹੋ ਗਈ ਹੈ,  
  ਤੇ ਅਸੀਂ ਮਾਸ ਦੇ ਟੁਕੜੇ ਵਾਂਗ।
- ਕਿ ਮਹਾਨ ਏਂਗਲਜ ਦੀ 'ਮਾਲਕੀ-ਟੱਬਰ ਤੇ ਰਿਆਸਤ'  
  ਆਪਾਂ 'ਕੱਠਿਆਂ ਪੜ੍ਹੀ ਸੀ।  
  ਤੂੰ ਉਸ ਦਿਨ ਕਿਰਦੀ ਜਾਂਦੀ ਮਾਲਕੀ ਤੇ ਥੁੱਕਿਆ

ਟੱਬਰ ਨੂੰ ਵਿਦਾ ਆਖ ਕੇ
ਰਿਆਸਤ ਨੂੰ ਸਿੱਝਣ ਚਲਾ ਗਿਆ।
ਅਤੇ ਮੈਂ ਘਰ ਦਿਆਂ ਖਣਾਂ 'ਚੋਂ ਕਿਰਦੇ ਘੁਣ ਦਾ
ਰਾਜ ਸੱਤਾ ਵਾਂਗ ਮੁਕਾਬਲਾ ਕਰਦਿਆਂ
ਸ਼ਬਦ 'ਟੱਬਰ' 'ਚੋਂ ਅਰਥਾਂ ਨੂੰ ਨਿਕਲ ਜਾਣ ਤੋਂ ਵਲਦਾ ਰਿਹਾ।

- ਜਿਸਨੂੰ ਬੇਸਹਾਰਾ ਛੱਡ ਗਿਆ ਸੈਂ ਟੁੱਟਦੇ ਸਾਹਾਂ ਚ
ਮੈਂ ਉਸ ਬਦਨਸੀਬ ਘਰ ਦੇ
ਅਘਰ ਹੋਣ ਦੇ ਸਫ਼ਰ ਵਿੱਚ ਸ਼ਾਮਲ ਰਿਹਾ ਹਾਂ।
- ਮੈਂ ਸਟੇਟ ਨੂੰ ਤੱਕਿਆ ਹੈ ਲੋਕਾਂ ਆਸਰੇ ਲੜਦਿਆਂ
ਕਦੇ ਲੋਕਾਂ ਨਾਲ, ਕਦੇ ਲੋਕਾਂ ਲਈ।
ਮੈਂ ਦੇਖੇ ਨੇ ਅਰਸਤੂ ਤੇ ਸਟਾਲਿਨ
ਸਦੀਆਂ ਲੰਮੇ ਯੁੱਧ ਲੜਦੇ।
- ਤੇ ਸ਼ਬਦ State ਵਿੱਚ ਦੋਹਾਂ 'ਚੋਂ ਤੈਨੂੰ
ਕਿਹੜੀ 'T' ਪਸੰਦ ਹੈ ਕਾਮਰੇਡ ?
ਅਫਲਾਤੂਨ ਦਾ ਗਣ ਰਾਜ
ਅਰਸਤੂ ਦਾ ਰਾਜ-ਧਰਮ
ਤੇ ਟ੍ਰਾਟਸਕੀ ਦੀ ਪੁੜਪੁੜੀ 'ਚ ਖੁੱਭੀ ਕਾਮਿਨਟ੍ਰਨ ਦੀ ਕੁਹਾੜੀ
ਕਾਮਰੇਡ, ਤੈਨੂੰ ਤਿੰਨਾਂ ਦੀ ਕੋਈ ਸਕੀਰੀ ਦਿਸਦੀ ?
- ਕਾਮਰੇਡ ਕੀ ਬਣੇਗਾ ਉਸ ਦਿਨ
ਜੇ ਕਦੀ ਰਾਜ ਸੱਤਾ ਖੋਹਣ ਦੀ ਹਸਰਤ ਨੂੰ
ਇੰਝ ਤੱਕਣਾ ਪਿਆ,
ਜਿਵੇਂ ਕੋਈ ਬਿਰਧ ਜੋੜੀ ਹਾਰੇ ਗਏ ਅੰਗਾਂ 'ਚੋ'
ਲੋਚੇ ਚੰਦਰਮਾ ਫੜਨਾ
ਜੋ ਮੁਕਲਾਵੇ ਦੇ ਪਹਿਲੇ ਤੜਕੇ ਅੰਦਰ ਅਸਤ ਹੋਇਆ ਸੀ
- ਪਰ੍ਹੰ ਜੋ ਡੁੱਬ ਕੇ ਮਰੀ ਸੀ ਪਿੰਡ ਦੇ ਛੱਪੜ 'ਚ
ਉਹ ਮਾਂ ਨਹੀ ਸੀ
ਐਵੇਂ ਨੀਲੀ ਛੱਤ 'ਚੋਂ ਇੱਟ ਉੱਖੜ ਕੇ ਜਾ ਪਈ ਸੀ
ਮਾਂ ਤਾਂ ਪਹਿਲੇ ਛਾਪੇ ਤੇ ਹੀ
ਗੋਰਕੀ ਦੇ ਨਾਵਲ ਵਿੱਚ ਤਰਨ ਦੀ ਕੋਸ਼ਿਸ਼ ਕਰਦੀ ਰਹੀ
ਪੁਲਸ ਦੀ ਪਹੁੰਚ ਤੋਂ ਭੱਜ ਨਿਕਲੀ ਸੀ।

ਜ਼ਾਹਿਰ ਹੈ ਕਿ ਪਾਸ਼ ਆਪਣੇ ਜੁੱਟ, ਆਪਣੀ ਧਿਰ (ਜੋ ਸਿਰਫ਼ ਜਿੱਤ ਨਹੀਂ ਸਕੀ) ਨਾਲ ਸੰਵਾਦ ਰਚਾ ਰਿਹਾ ਹੈ ਅਤੇ ਸੱਚ ਦੀ ਥਹੁ ਪਾਉਣ ਲਈ ਆਪਣੇ ਆਪ, ਆਪਣੇ ਸਾਥੀਆਂ ਅਤੇ ਅੱਥਰੇ ਵਕਤ ਨੂੰ ਕੁਰੇਦ-ਛਿੱਲ ਰਿਹਾ ਹੈ। ਇਸ ਪਹੁੰਚ ਵਿਚ ਉਹ ਕਥਿਤ ਧੜੇਬੰਦੀ (ਜਿਸ ਨੇ ਇਨਕਲਾਬੀ ਲਹਿਰ ਦਾ ਬਹੁਤ ਨੁਕਸਾਨ ਕੀਤਾ ਹੈ) ਤੋਂ ਨਿਰਲੇਪ, ਆਤਮ ਪਛਾਣ ਦੇ ਰਾਹ ਪੈਂਦਾ ਹੈ। ਡਾ. ਅਤਰ ਸਿੰਘ ਨੇ ਇਸ ਪਹੁੰਚ ਨੂੰ ਮਾਨਵਕਾਰੀ ਅਤੇ ਮਾਨਵ-ਹਿਤਕਾਰੀ ਆਖਿਆ ਹੈ। ਇਥੇ ਉਹ ਪਾਸ਼ ਦੀ ਧਿਰ ਲਈ ਸਵਾਲ ਵੀ ਸੁੱਟਦਾ ਹੈ। ਉਹ ਲਿਖਦਾ ਹੈ-*ਵੇਖਣਾ ਇਹ ਹੈ ਕਿ ਉਸ (ਪਾਸ਼) ਦਾ ਜੁੱਟ ਉਸ ਦੇ ਇਸ ਸੱਚ ਨੂੰ ਆਤਮਸਾਤ ਕਰ ਸਕੇਗਾ? ਇਸ ਗੱਲ ਦਾ ਫ਼ੈਸਲਾ ਜੁੱਟ ਦੀ ਕਠੋਰਤਾ ਨੇ ਨਹੀਂ ਕਰਨਾ, ਇਸ ਕਠੋਰਤਾ ਨੂੰ ਪੰਘਰਾ ਸਕਣ ਦੀ ਉਸਦੀ ਰਚਨਾ ਸ਼ਕਤੀ ਨੇ ਵੀ ਕਰਨਾ ਹੈ।*

ਇਸ ਜੁੱਟ ਨੇ ਪਾਸ਼ ਦੇ ਇਸ ਸੱਚ ਨੂੰ ਅਜੇ ਆਤਮਸਾਤ ਕਰਨਾ ਹੈ ਬਲਕਿ ਕਹਿਣਾ ਤਾਂ ਇਹ ਚਾਹੀਦਾ ਹੈ ਕਿ ਇਹ ਜੁੱਟ ਫ਼ਿਲਹਾਲ ਇਸ ਪਾਸੇ ਦਿਆਨਤਦਾਰੀ ਨਾਲ ਅਹੁਲ ਵੀ ਨਹੀਂ ਰਿਹਾ। ਇਸੇ ਕਰਕੇ ਨਿੱਕੀਆਂ ਨਿੱਕੀਆਂ ਗੱਲਾਂ ਪਿੱਛੇ ਇਤਰਾਜ਼ਾਂ ਅਤੇ ਸੰਸਿਆਂ ਦੀ ਲੜੀ ਲਗਾਤਾਰ ਪੈਰ ਵੱਢਦੀ ਆ ਰਹੀ ਹੈ। ਖ਼ੈਰ...

ਪਾਸ਼ ਦੀਆਂ ਤਿੰਨ ਕਵਿਤਾਵਾਂ 'ਬੇਦਖ਼ਲੀ ਲਈ ਬਿਨੈ-ਪੱਤਰ', 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਅਤੇ 'ਸਭ ਤੋਂ ਖ਼ਤਰਨਾਕ' ਨੂੰ ਜੇ ਸੰਵਾਦ ਦੇ ਨੁਕਤੇ ਵਿਚਾਰੀਏ ਤਾਂ ਉਸ ਸਟੇਟ, ਧਾਰਮਿਕ ਕੱਟੜਪੰਥੀਆਂ ਅਤੇ ਆਮ ਲੋਕਾਂ ਨਾਲ ਗੱਲ ਕਰਨ ਦੇ ਦਾਈਏ ਦੀ ਸੋਅ ਮਿਲਦੀ ਹੈ:

ਮੈਂ ਉਮਰ ਭਰ ਉਸਦੇ ਖ਼ਿਲਾਫ਼ ਸੋਚਿਆ ਤੇ ਲਿਖਿਆ
ਜੇ ਉਸ ਦੇ ਸੋਗ ਵਿੱਚ ਸਾਰਾ ਹੀ ਦੇਸ਼ ਸ਼ਾਮਿਲ ਹੈ
ਤਾਂ ਇਸ ਦੇਸ਼ 'ਚੋਂ ਮੇਰਾ ਨਾਮ ਕੱਟ ਦੇਵੋ।

ਤੇ ਠੀਕ ਏਸੇ ਸਰਦ ਹਨੇਰੇ ਵਿੱਚ ਸੁਰਤ ਸੰਭਾਲਣ ਤੇ
ਜੀਣ ਦੇ ਨਾਲ ਨਾਲ
ਜਦ ਪਹਿਲੀ ਵਾਰ ਇਸ ਜੀਵਨ ਬਾਰੇ ਸੋਚਣਾ ਸ਼ੁਰੂ ਕੀਤਾ
ਮੈਂ ਖ਼ੁਦ ਨੂੰ ਇਸ ਕਤਲ ਦੀ ਸਾਜ਼ਿਸ਼ ਵਿੱਚ ਸ਼ਰੀਕ ਪਾਇਆ

ਮੈਂ ਸਦਾ ਹੀ ਉਸਨੂੰ ਕਤਲ ਕੀਤਾ ਹੈ
ਹਰ ਵਾਕਿਫ਼ ਜਣੇ ਦੀ ਹਿੱਕ 'ਚੋ' ਲੱਭ ਕੇ
ਜੇ ਉਸਦੇ ਕਾਤਲਾਂ ਨੂੰ ਇੰਜ ਹੀ ਸੜਕਾਂ ਤੇ ਸਿਝਣਾ ਹੈ
ਤਾਂ ਬਣਦੀ ਸਜ਼ਾ ਮੈਨੂੰ ਵੀ ਮਿਲੇ।

('ਬੇਦਖ਼ਲੀ ਲਈ ਬਿਨੈ-ਪੱਤਰ' ਵਿੱਚੋਂ)

ਮੇਰਾ ਇੱਕੋ ਈ ਪੁੱਤ ਹੈ ਧਰਮ-ਗੁਰੂ!
ਉਂਝ ਭਲਾ ਸੱਤ ਵੀ ਹੁੰਦੇ
ਉਨ੍ਹਾਂ ਤੇਰਾ ਕੁਝ ਨਹੀਂ ਕਰ ਸਕਣਾ ਸੀ
ਤੇਰੇ ਬਾਰੂਦ ਵਿੱਚ ਰੱਬੀ ਮਹਿਕ ਹੈ
ਤੇਰਾ ਬਾਰੂਦ ਰਾਤਾਂ ਨੂੰ ਰੌਣਕਾਂ ਵੰਡਦਾ ਹੈ
ਤੇਰਾ ਬਾਰੂਦ ਰਾਹੋਂ ਭਟਕਿਆਂ ਨੂੰ ਸੇਧਦਾ ਹੈ
ਮੈਂ ਤੇਰੀ ਆਸਤਕ ਗੋਲੀ ਨੂੰ ਆਗ ਦਿਆ ਕਰਾਂਗੀ
ਮੇਰਾ ਇੱਕੋ ਈ ਪੁੱਤ ਹੈ ਧਰਮ-ਗੁਰੂ!
ਤੇ ਮਰਦ ਵਿਚਾਰਾ ਸਿਰ ਤੇ ਨਹੀਂ ਰਿਹਾ।

('ਧਰਮ ਦੀਕਸ਼ਾ ਲਈ ਬਿਨੈ-ਪੱਤਰ' ਵਿੱਚੋ)

ਸਭ ਤੋਂ ਖ਼ਤਰਨਾਕ ਹੁੰਦਾ ਹੈ
ਮੁਰਦਾ ਸ਼ਾਤੀ ਨਾਲ ਭਰ ਜਾਣਾ,
ਨਾ ਹੋਣਾ ਤੜਪਦਾ, ਸਭ ਸਹਿਣ ਕਰ ਜਾਣਾ
ਘਰਾਂ ਤੋਂ ਨਿਕਲਣਾ ਕੰਮ ਤੇ
ਤੇ ਕੰਮ ਤੋਂ ਘਰ ਜਾਣਾ,
ਸਭ ਤੋਂ ਖ਼ਤਰਨਾਕ ਹੁੰਦਾ ਹੈ
ਸਾਡੇ ਸੁਪਨਿਆਂ ਦਾ ਮਰ ਜਾਣਾ।

('ਸਭ ਤੋਂ ਖ਼ਤਰਨਾਕ' ਵਿੱਚੋਂ)

ਪਾਸ਼ ਦੀ ਮੌਤ ਤੋਂ ਪਹਿਲਾਂ ਛਪੀਆਂ ਉਸਦੀਆਂ ਇਹ ਤਿੰਨ ਕਵਿਤਾਵਾਂ ਮਹੱਤਵਪੂਰਨ ਵੀ ਹਨ ਅਤੇ ਉਸਦੀ ਸਿਆਸੀ ਸੋਚ ਨੂੰ ਵੀ ਦਰਸਾਉਂਦੀਆਂ ਹਨ। ਇਹ ਕਵਿਤਾਵਾਂ ਪੰਜਾਬ ਦੇ ਕਾਲੇ ਦੌਰ ਦਾ ਇਤਿਹਾਸ ਹਨ, ਜਿਸ ਵਿੱਚ ਪੰਜਾਬ ਲਹੂ-ਲੁਹਾਣ ਹੋਇਆ ਪਿਆ ਸੀ। ਉਦੋਂ ਪੰਜਾਬ ਵਿੱਚ ਵਾਪਰਦੀਆਂ ਘਟਨਾਵਾਂ ਪਾਸ਼ ਲਈ ਸਦਮੇ ਤੇ ਪ੍ਰੇਸ਼ਾਨੀ ਦਾ ਕਾਰਨ ਬਣੀਆਂ ਸਨ, ਤਾਂ ਹੀ ਉਸਨੇ 'ਧਰਮ ਦੀਕਸ਼ਾ ਲਈ ਬਿਨੈ ਪੱਤਰ' ਲਿਖਿਆ। ਇਹ ਪੱਤਰ ਸਿੱਧਾ ਜਰਨੈਲ ਸਿੰਘ ਭਿੰਡਰਾਂਵਾਲੇ ਨਾਲ ਸੰਵਾਦ ਹੈ ਜਿਸ ਵਿੱਚ ਉਸਨੇ ਕਤਲਾਂ ਕਾਰਨ ਪੱਛੇ ਜਾ ਰਹੇ ਪੰਜਾਬ ਦੀ ਦਸ਼ਾ ਬਿਆਨ ਕੀਤੀ ਸੀ। ਮਗਰੋਂ ਇੰਦਰਾ ਗਾਂਧੀ ਦਾ ਕਤਲ ਹੋ ਗਿਆ। ਉਸ ਦੇ ਕਤਲ ਤੋਂ ਬਾਅਦ ਜੋ ਹਾਲਾਤ ਬਣੇ, ਉਨ੍ਹਾਂ ਬਾਰੇ 'ਬੇਦਖ਼ਲੀ ਲਈ ਬਿਨੈ-ਪੱਤਰ' ਲਿਖਿਆ। ਇੰਦਰਾ ਗਾਂਧੀ ਦੇ ਕਤਲ ਦੇ ਸੋਗ ਵਿੱਚ ਡੁੱਬੇ ਦੇਸ਼ ਵਾਸੀਆਂ ਨੂੰ ਵੰਗਾਰਦਿਆਂ ਇਸ ਦੇਸ਼ ਵਿੱਚੋਂ ਆਪਣਾ ਨਾਂ ਕੱਟਣ ਲਈ

ਕਿਹਾ ਅਤੇ ਖ਼ੁਦ ਨੂੰ ਕਤਲ ਵਿੱਚ ਸ਼ਾਮਿਲ ਦੱਸਿਆ ਸੀ। ਉਹ ਫ਼ਿਕਰਾਪ੍ਰਸਤ ਤਾਕਤਾਂ ਦੇ ਨਾਲ ਨਾਲ ਰਾਜ ਸੱਤਾ ਨੂੰ ਵੀ ਕਰਾਰੇ ਹੱਥੀਂ ਲੈ ਰਿਹਾ ਸੀ। ਨਾਲ ਹੀ ਉਸ ਨੇ 'ਸਭ ਤੋਂ ਖ਼ਤਰਨਾਕ' ਕਵਿਤਾ ਰਾਹੀਂ ਲੋਕਾਂ ਨੂੰ ਖ਼ਾਮੋਸ਼ੀ ਤੋੜਨ ਲਈ ਹਾਕਾਂ ਮਾਰੀਆਂ ਜੋ ਉਸ ਦੌਰ ਵਿੱਚ ਚੁੱਪ ਕਰ ਗਏ ਸਨ ਅਤੇ ਇਨਕਲਾਬ ਕਰਨ ਦਾ ਸੁਪਨਾ ਛੱਡ ਗਏ ਸਨ। 'ਬੇਦਖ਼ਲੀ ਲਈ ਬਿਨੈ-ਪੱਤਰ' ਅਤੇ 'ਧਰਮ ਦੀਕਸ਼ਾ ਲਈ ਬਿਨੈ-ਪੱਤਰ' ਦੀ ਸੁਰ ਉਦਾਸੀ ਅਤੇ ਨਿਰਾਸ਼ਾ ਵਾਲੀ ਜਾਪਦੀ ਹੈ ਪਰ 'ਸਭ ਤੋਂ ਖ਼ਤਰਨਾਕ' ਵਿੱਚ ਉਹ ਆਪਣੇ ਉਸੇ ਜੁੱਟ ਨੂੰ ਸੰਬੋਧਤ ਹੈ ਜਿਸ ਨੇ ਇਨਕਲਾਬ ਦਾ ਰਾਹ ਦਸੇਰਾ ਬਣਨਾ ਹੈ। ਇਉਂ ਉਹ ਉਸ ਦੌਰ ਵਿੱਚ ਚੁੱਪ ਕਰ ਗਏ ਲੋਕਾਂ ਨਾਲ ਵਾਰ ਵਾਰ ਗੱਲਾਂ ਕਰ ਰਿਹਾ ਹੈ। ਇਹ ਖਾਮੋਸ਼ੀ ਤੋੜਨ ਲਈ ਹੀ ਉਹ 'ANTI '47 FRONT' ਦਾ ਉਹ ਵਿਸ਼ੇਸ਼ ਅੰਕ ਕੱਢਦਾ ਹੈ ਜਿਹੜਾ ਕੱਟੜਪੰਥੀਆਂ ਨੂੰ ਬਹੁਤ ਔਖਾ ਕਰ ਜਾਂਦਾ ਹੈ। ਪਾਸ਼ ਦੇ ਜ਼ਿਹਨ ਵਿਚ ਮਿੱਟੀ ਫ਼ਰੋਲਣ ਦੀ ਤਾਂਘ, ਤੜਫ ਤੇ ਲਗਨ ਨੂੰ ਜੇ ਦੇਖਣਾ ਹੋਵੇ ਤਾਂ ਉਸ ਵੱਲੋਂ ਤ੍ਰਾਤਸਕੀ ਬਾਰੇ ਗੱਲ ਤੋਰਨ ਨੂੰ ਵਿਚਾਰਿਆ ਜਾ ਸਕਦਾ ਹੈ। ਇਹ ਉਸ ਦੇ ਸੰਵਾਦੀ ਸੁਭਾਅ ਦਾ ਹੀ ਜਲੌਅ ਸੀ ਪਰ ਕੱਟੜਪੰਥੀਆਂ ਨੇ ਗੱਲ ਦੀ ਥਾਂ ਗੋਲੀ ਵਰਤੀ ਅਤੇ ਸਾਡੇ ਸਮਿਆਂ ਦੇ ਇਸ ਸਭ ਤੋਂ ਸਮਰੱਥ ਸ਼ਾਇਰ ਨੂੰ ਚੁੱਪ ਕਰਵਾਉਣ ਦਾ ਕੋਝਾ ਕਾਰਾ ਕੀਤਾ।

ਅੱਜ ਦਾ ਦੌਰ ਪਾਸ਼ ਦੇ ਦੌਰ ਨਾਲੋਂ ਕਈ ਪੱਖਾਂ ਤੋਂ ਵੱਧ ਗੁੰਝਲਦਾਰ ਹੈ। ਲੋਕ ਆਰਥਿਕ, ਸਿਆਸੀ ਅਤੇ ਸੱਭਿਆਚਾਰਕ ਤੌਰ 'ਤੇ ਗਹਿਰੇ ਸੰਕਟ ਵਿਚੋਂ ਲੰਘ ਰਹੇ ਹਨ। ਇਸ ਦੌਰ ਦੇ ਦੁਖਾਂਤ ਨੂੰ ਬੁੱਝਣ ਲਈ ਪਾਸ਼ ਦੀ ਕਵਿਤਾ ਕਾਰਗਰ ਹਥਿਆਰ ਸਾਬਤ ਹੋ ਸਕਦੀ ਹੈ। ਕਵਿਤਾ ਦੀ ਚੋਣ ਵੇਲੇ ਮੈਂ ਇਹੀ ਨੁਕਤਾ ਧਿਆਨ ਵਿਚ ਰੱਖਿਆ ਹੈ। ਪਾਸ਼ ਵਰਗੀ ਕਾਵਿ ਪ੍ਰਤਿਭਾ ਚਿਰਾਂ ਪਿੱਛੋਂ ਲੱਭਦੀ ਹੈ। ਅਮਰਜੀਤ ਸਿੰਘ ਗਰੇਵਾਲ ਪਾਸ਼ ਦੀਆਂ ਕਵਿਤਾਵਾਂ ਦਾ ਜ਼ਿਕਰ ਕਰਦਿਆਂ ਲਿਖਦਾ ਹੈ,"ਇੰਝ ਲੱਗਦਾ ਹੈ ਕਿ ਸ਼ਾਇਦ ਪਾਸ਼ ਫ਼ਾਸ਼ਿਜ਼ਮ ਖ਼ਿਲਾਫ਼ ਸੰਪੂਰਨ ਯੁੱਧ ਛੇੜਨ ਵਾਲਾ ਪੰਜਾਬੀ ਦਾ ਪਹਿਲਾ ਕਵੀ ਹੈ। ਇਹ ਗੱਲ ਠੀਕ ਨਹੀਂ। ਗੁਰੂ ਨਾਨਕ ਨੇ ਵੀ ਤਾਂ ਇਸੇ ਤਰ੍ਹਾਂ ਕੀਤਾ ਸੀ ਤੇ ਇਸੇ ਲਈ ਇਹ ਕਹਿਣਾ ਵਧੇਰੇ ਢੁੱਕਵਾਂ ਹੋਵੇਗਾ ਕਿ ਪਾਸ਼ ਇਸ ਸਦੀ (ਵੀਹਵੀਂ) ਵਿਚ ਪੈਦਾ ਹੋਣ ਵਾਲਾ ਨਾਨਕ ਦਾ ਸ਼ਾਇਦ ਇਕੋ-ਇਕ ਸੱਚਾ ਵਾਰਿਸ ਹੈ।"

ਪਾਸ਼ ਦੀ ਕਵਿਤਾ ਵਿਰਸੇ ਨਾਲ ਵੀ ਉੱਨੀ ਹੀ ਪ੍ਰਚੰਡਤਾ, ਤੀਖਣਤਾ, ਤੀਬਰਤਾ, ਜੋਸ਼ ਤੇ ਜ਼ੋਰ ਨਾਲ ਸੰਵਾਦ ਰਚਾਉਂਦੀ ਹੈ ਅਤੇ ਇਹ ਸਹਿਜੇ ਹੀ ਉਸ ਲੜੀ ਵਿਚ ਸ਼ਾਮਲ ਹੋ ਜਾਂਦੀ ਹੈ ਜਿਸ ਦਾ ਮੂੰਹ ਸਦਾ ਲੋਕਾਈ ਵੱਲ ਰਿਹਾ ਹੈ।

ਇਹ ਪਾਸ਼ ਦੀ ਸ਼ਾਇਰੀ ਅਤੇ ਜੀਵਨ ਬਿਰਤਾਂਤ ਦੇ ਬਹੁ-ਪਾਸਾਰਾਂ ਦਾ ਹੀ ਨਤੀਜਾ ਹੈ ਕਿ ਉਸ ਬਾਰੇ ਅਕਾਦਮਿਕ ਅਤੇ ਗ਼ੈਰ-ਅਕਾਦਮਿਕ ਖੇਤਰਾਂ ਵਿਚ ਲਗਾਤਾਰ ਅਤੇ ਭਰਵਾਂ ਕੰਮ ਹੋ ਰਿਹਾ ਹੈ। ਇਹ ਕਾਰਜ ਅਸਲ ਵਿਚ ਉਸ ਇਨਕਲਾਬ ਦਾ ਹੀ ਹਿੱਸਾ ਹੈ ਜਿਹਦੇ ਲਈ ਪਾਸ਼ ਨੇ ਆਪਣੀ ਜਾਨ ਤੱਕ ਦਾਅ 'ਤੇ ਲਾ ਦਿੱਤੀ। ਪਾਸ਼ ਬੁਨਿਆਦੀ ਤੌਰ 'ਤੇ ਸੰਵਾਦ ਦਾ ਸ਼ਾਇਰ ਹੈ। ਸਾਨੂੰ ਵੀ ਉਸ ਅਤੇ ਉਸ ਦੀ ਸ਼ਾਇਰੀ ਨਾਲ ਸੰਵਾਦ ਹੀ ਰਚਾਉਣਾ ਪੈਣਾ ਹੈ, ਪਾਸ਼ ਅਤੇ ਉਸ ਦੇ ਸਾਥੀਆਂ ਨੂੰ ਰੱਦ ਕਰਨ ਵਾਲਿਆਂ ਦਾ ਹਾਲ ਵੀ ਨਕਸਲਬਾੜੀ ਲਹਿਰ ਤੋਂ ਪਹਿਲਾਂ ਉੱਠੇ ਪ੍ਰਯੋਗਸ਼ੀਲਾਂ ਵਰਗਾ ਹੋਣਾ ਹੈ। ਰਾਜਿੰਦਰ ਸਿੰਘ ਰਾਹੀ ਅਤੇ ਉਸ ਦੇ ਸਰਪ੍ਰਸਤ ਵੀ ਹੁਣ ਇਸੇ ਕਤਾਰ ਵਿਚ ਖੜ੍ਹੇ ਦਿਖਾਈ ਦੇ ਰਹੇ ਹਨ। ਇਨ੍ਹਾਂ ਦੀ ਥਾਂ ਵੀ ਇਹੀ ਸੀ। ਪ੍ਰਤੀਕਿਰਿਆਵਾਦੀਆਂ (reactionaries) ਲਈ ਪਾਸ਼ ਭਲਾ ਕਿਸ ਤਰ੍ਹਾਂ ਮੇਚ ਆ ਸਕਦਾ ਹੈ?

**Email; ajmersidhu2007@yahoo.co.in**